# ਪਰ੍ਸਤਾਵਿਤ ਕਾਰੋਬਾਰ ਸੁਧਾਰ ਖੇਤਰ (BIA) ਦੇ ਨਵੀਨੀਕਰਨ ਦਾ ਨੋਟਿਸ

## ਸਾਰ

BIA ਤੁਹਾਡੇ ਖੇਤਰ ਵਿੱਚ ਵਪਾਰਕ ਡਿਸਟਿਰ੍ਕਟ (ਨੱਥੀ ਨਕਸ਼ੇ ਦੇਖੋ) ਦੀ ਸੰਜੀਵਤਾ ਨੂੰ ਵਧਾਉਣ ਦੇ ਉਦੇਸ਼ ਨਾਲ ਪਰੋ੍ਗਰਾਮ ਅਤੇ ਸੇਵਾਵਾਂ ਚਲਾਉਂਦਾ ਹੈ। BIA ਦੀ ਮੌਜੂਦਾ ਮਿਆਦ ਮਾਰਚ 2026 ਵਿੱਚ ਸਮਾਪਤ ਹੋ ਜਾਵੇਗੀ। ਸਿਟੀ BIA ਲੈਵੀ ਦੇ ਪਰ੍ਸ਼ਾਸਨ ਦੇ ਨਾਲ-ਨਾਲ, ਸਾਲਾਨਾ ਬਜਟ ਪਰ੍ਕਿਰਿਆ ਅਤੇ ਸਮੇਂ-ਸਮੇਂ ‘ਤੇ BIA ਆਦੇਸ਼ਾਂ ਦੇ ਨਵੀਨੀਕਰਨ ਵਿੱਚ ਸਹਾਇਤਾ ਕਰਦਾ ਹੈ।

## BIA ਕਿਵੇਂ ਕੰਮ ਕਰਦੇ ਹਨ?

BIA ਦਾ ਪਰ੍ਬੰਧਨ ਇੱਕ ਬੋਰਡ ਦੁਆਰਾ ਕੀਤਾ ਜਾਂਦਾ ਹੈ, ਜੋ ਮੈਂਬਰਾਂ ਦੁਆਰਾ ਚੁਣੇ ਗਏ ਸਥਾਨਕ ਪਰ੍ਾਪਰਟੀ ਅਤੇ ਕਾਰੋਬਾਰੀ ਮਾਲਕਾਂ ਤੋਂ ਬਣਿਆ ਹੁੰਦਾ ਹੈ। BIA ਲਈ ਫੰਡ ਹਰੇਕ ਪਰ੍ਾਪਰਟੀ ਦੇ ਮੁਲਾਂਕਣ ਮੁੱਲ ਦੇ ਅਧਾਰ ‘ਤੇ ਵਪਾਰਕ ਅਤੇ ਹਲਕੀ ਉਦਯੋਗਿਕ ਪਰ੍ਾਪਰਟੀ ਦੇ ਮਾਲਕਾਂ ਦੁਆਰਾ ਅਦਾ ਕੀਤੀ ਜਾਂਦੀ ਇੱਕ ਵਿਸ਼ੇਸ਼ ਸਾਲਾਨਾ ਲੈਵੀ ਤੋਂ ਆਉਂਦਾ ਹੈ। ਅਕਸਰ ਇਹ ਲਾਗਤ ਕਿਰਾਏਦਾਰਾਂ ਵਜੋਂ ਕਾਰੋਬਾਰੀ ਸੰਚਾਲਕਾਂ ਤੋਂ ਲਈ ਜਾਂਦੀ ਹੈ। BIA ਨਵੀਨੀਕਰਨ ਪਰ੍ਕਿਰਿਆ ‘ਤੇ ਕਾਰੋਬਾਰੀ ਸੰਚਾਲਕਾਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ।

BIA ਲੈਵੀ ਪਰ੍ਾਪਰਟੀ ਟੈਕਸਾਂ ਨਾਲ ਇਕੱਤਰ ਕੀਤੀ ਜਾਂਦੀ ਹੈ ਅਤੇ BIA ਦੁਆਰਾ ਅਜਿਹੇ ਪਰੋ੍ਗਰਾਮਾਂ ਨੂੰ ਚਲਾਉਣ ਲਈ ਵਰਤੀ ਜਾਂਦੀ ਹੈ ਜੋ ਪਰ੍ਾਪਰਟੀ ਮਾਲਕਾਂ ਅਤੇ ਕਾਰੋਬਾਰਾਂ ਦੋਵਾਂ ਨੂੰ ਲਾਭ ਪਹੁੰਚਾਉਂਦੇ ਹਨ। ਇਹਨਾਂ ਪਰੋ੍ਗਰਾਮਾਂ ਦਾ ਮਕਸਦ ਗਾਹਕਾਂ ਨੂੰ ਆਕਰਸ਼ਿਤ ਕਰਨਾ ਅਤੇ ਖੇਤਰ ਦੇ ਵਪਾਰਕ ਮਾਹੌਲ ਨੂੰ ਬਿਹਤਰ ਬਣਾਉਣਾ ਹੈ। B.C. ਵਿੱਚ BIAs ਬਾਰੇ ਹੋਰ ਜਾਣਕਾਰੀ www.bia.bc.ca ’ਤੇ ਅਤੇ ਤੁਹਾਡੇ ਖੇਤਰ ਵਿੱਚ BIA ਬਾਰੇ ਹੋਰ ਜਾਣਕਾਰੀ vancouver.ca/bias ‘ਤੇ ਮਿਲ ਸਕਦੀ ਹੈ।

ਜੇਕਰ ਅੱਧੇ ਤੋਂ ਵੱਧ ਪਰ੍ਾਪਰਟੀ ਮਾਲਕ, ਜੋ BIA ਵਿੱਚ ਕੁੱਲ ਪਰ੍ਾਪਰਟੀ ਮੁੱਲ ਦੇ ਅੱਧੇ ਤੋਂ ਵੱਧ ਦੀ ਨੁਮਾਇੰਦਗੀ ਕਰਦੇ ਹਨ, ਇਤਰਾਜ਼ ਜਮਹ੍ਾਂ ਕਰਦੇ ਹਨ, ਤਾਂ ਸਿਟੀ ਕੌਂਸਲ ਪਰ੍ਸਤਾਵਿਤ ਨਵੀਨੀਕਰਨ ਨਾਲ ਅੱਗੇ ਨਹੀਂ ਵੱਧ ਸਕਦੀ। ਕੌਂਸਲ ਨਵੀਨੀਕਰਨ ਪਰ੍ਕਿਰਿਆ ਦੇ ਹਿੱਸੇ ਵਜੋਂ ਕਾਰੋਬਾਰਾਂ ਤੋਂ ਸਮਰਥਨ ਜਾਂ ਇਤਰਾਜ਼ਾਂ ‘ਤੇ ਵੀ ਵਿਚਾਰ ਕਰਦੀ ਹੈ।

### ਪਰ੍ਾਪਰਟੀ ਮਾਲਕਾਂ ਅਤੇ ਕਾਰੋਬਾਰਾਂ ਲਈ ਫੀਡਬੈਕ ਦੀ ਮਿਆਦ:

- **27 ਨਵੰਬਰ, 2025 - 31 ਜਨਵਰੀ, 2026**

## ਵਧੇਰੇ ਜਾਣਕਾਰੀ ਚਾਹੀਦੀ ਹੈ?

BIA ਨਵੀਨੀਕਰਨ ਬਾਰੇ ਸਵਾਲਾਂ ਲਈ, ਕਿਰਪਾ ਕਰਕੇ ਵੈਨਕੂਵਰ ਸਿਟੀ ਦੇ ਬਿਜ਼ਨਸ ਐਂਡ ਇਕੋਨੋਮੀ ਆਫਿਸ ਨਾਲ (City of Vancouver Business and Economy Office): biainquiries@vancouver.ca ‘ਤੇ ਸੰਪਰਕ ਕਰੋ।

# ਸਮਾਂ ਸੰਵੇਦਨਸ਼ੀਲ

CITY OF VANCOUVER

ਸਿਟੀ ਦੇ ਰਿਕਾਰਡ ਦਿਖਾਉਂਦੇ ਹਨ ਕਿ ਤੁਸੀਂ BIA ਦੇ ਅੰਦਰ ਘੱਟੋ-ਘੱਟ ਇੱਕ ਕਾਰੋਬਾਰ ਦੇ ਮਾਲਕ ਹੋ।

| | |
|---|---|
| ✔ | **ਜੇਕਰ ਤੁਸੀਂ BIA ਨਵੀਨੀਕਰਨ ਦਾ ਸਮਰਥਨ ਕਰਦੇ ਹੋ, ਤਾਂ ਕਿਸੇ ਕਾਰਵਾਈ ਦੀ ਲੋੜ ਨਹੀਂ ਹੈ।** ਹਾਲਾਂਕਿ, ਤੁਸੀਂ ਹੇਠਾਂ ਦਿੱਤੇ ਜਵਾਬ ਫਾਰਮ ਨੂੰ ਭਰ ਕੇ ਇਸਨੂੰ ਸਿਟੀ ਕਲਰਕ ਨੂੰ ਭੇਜ ਕੇ ਆਪਣਾ ਸਮਰਥਨ ਰਜਿਸਟਰ ਕਰ ਸਕਦੇ ਹੋ। |
| ✖ | **ਜੇਕਰ ਤੁਸੀਂ BIA ਨਵੀਨੀਕਰਨ 'ਤੇ ਇਤਰਾਜ਼ ਕਰਦੇ ਹੋ, ਤਾਂ ਤੁਹਾਨੂੰ ਹੇਠਾਂ ਦਿੱਤਾ ਜਵਾਬ ਫਾਰਮ ਲਾਜ਼ਮੀ ਭਰਨਾ ਚਾਹੀਦਾ ਹੈ।** ਤੁਹਾਡੀ ਸਪੁਰਦਗੀ 'ਤੇ ਵਿਚਾਰ ਕੀਤੇ ਜਾਣ ਲਈ, ਹੇਠ ਦਿੱਤਾ ਜਵਾਬ ਫਾਰਮ ਡਾਕ ਰਾਹੀਂ ਜਾਂ ਈਮੇਲ ਰਾਹੀਂ ਸਿਟੀ ਕਲਰਕ ਨੂੰ **31 ਜਨਵਰੀ, 2026 ਤੱਕ ਲਾਜ਼ਮੀ ਪ੍ਰਾਪਤ ਹੋ ਜਾਣਾ ਚਾਹੀਦਾ ਹੈ।** |
| | **ਡਾਕ ਰਾਹੀਂ ਇਸ ਪਤੇ 'ਤੇ ਭੇਜੋ:**<br>City Clerk, Vancouver City Hall<br>453 West 12th Avenue, Vancouver, BC, V5Y 1V4<br><br>**ਈਮੇਲ:**<br>ccclerk@vancouver.ca |

ਧਿਆਨ ਦਿਓ: ਪ੍ਰਸਤਾਵਿਤ ਨਵੀਨੀਕਰਨ ਮਿਆਦ ਲਈ ਵੈੱਬਪੇਜ ਦੇਖੋ: vancouver.ca/bias

---

## ਜਵਾਬੀ ਫਾਰਮ

**ਭਾਗ 1: ਇੱਕ ਵਿਕਲਪ 'ਤੇ ਨਿਸ਼ਾਨ ਲਗਾਓ**

| | | | |
|---|---|---|---|
| ☐ | ਮੈਂ ਪ੍ਰਸਤਾਵਿਤ BIA ਨਵੀਨੀਕਰਨ ਦਾ ਸਮਰਥਨ ਕਰਦਾ/ਕਰਦੀ ਹਾਂ। | ☐ | ਮੈਨੂੰ ਪ੍ਰਸਤਾਵਿਤ BIA ਨਵੀਨੀਕਰਨ 'ਤੇ ਇਤਰਾਜ਼ ਹੈ। |

**ਭਾਗ 2: ਕਾਰੋਬਾਰ ਦੇ ਮਾਲਕ ਦੇ ਵੇਰਵੇ ਪ੍ਰਦਾਨ ਕਰੋ**

ਧਿਆਨ ਦਿਓ: ਹੇਠ ਦਿੱਤੇ ਵੇਰਵੇ ਵੈਨਕੂਵਰ ਸਿਟੀ ਦੇ ਕਾਰੋਬਾਰੀ ਲਾਇਸੈਂਸ ਨਾਲ ਲਾਜ਼ਮੀ ਮੇਲ ਖਾਣੇ ਚਾਹੀਦੇ ਹਨ।

| | |
|---|---|
| ਕਾਰੋਬਾਰ ਦਾ ਨਾਮ: | |
| ਮਾਲਕ ਦਾ ਪੂਰਾ ਨਾਮ: | |
| ਪ੍ਰਾਪਰਟੀ ਦਾ ਪਤਾ: | |
| ਸੰਪਰਕ ਵੇਰਵੇ (ਈਮੇਲ ਜਾਂ ਫ਼ੋਨ ਨੰਬਰ) | |
| ਕਾਰੋਬਾਰੀ ਲਾਇਸੈਂਸ ਨੰਬਰ (ਵਿਕਲਪਿਕ): | |

_______________________

ਮਾਲਕ ਦੇ ਦਸਤਖ਼ਤ

ਧਿਆਨ ਦਿਓ: ਭਰਿਆ ਹੋਇਆ ਫਾਰਮ ਡਾਕ ਰਾਹੀਂ ਜਾਂ ਈਮੇਲ ਰਾਹੀਂ **31 ਜਨਵਰੀ, 2026 ਤੱਕ ਸਿਟੀ ਕਲਰਕ ਨੂੰ ਵਾਪਸ ਕਰੋ।** ਈਮੇਲ ਸਪੁਰਦਗੀਆਂ ਲਈ, ਤੁਸੀਂ ਭਰੇ ਹੋਏ ਫਾਰਮ ਨੂੰ ਸਕੈਨ ਕਰ ਸਕਦੇ ਹੋ ਜਾਂ ਉਸਦੀ ਫ਼ੋਟੋ ਲੈ ਸਕਦੇ ਹੋ, ਅਤੇ ਇਸ ਪਤੇ 'ਤੇ ਭੇਜ ਸਕਦੇ ਹੋ: ccclerk@vancouver.ca